ਬਾਲਸਲ ਹੀਥ ਫਿਲਮ ਫੈਸਟੀਵਲ

60 ਅਤੇ 70 ਦੇ ਦਹਾਕੇ ਵਿੱਚ ਬਾਲਸਾਲ ਹੀਥ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਕਿ ਇਸ ਦੀ ਹਰ ਗਲੀ ਵਿੱਚ ਇੱਕ ਸਿਨੇਮਾ ਸੀ, ਅਤੇ ਇਸ ਇਲਾਕੇ ਅਤੇ ਇਸ ਤੋਂ ਬਾਹਰ ਦੇ ਦੱਖਣੀ ਏਸ਼ੀਆਈ ਦਰਸ਼ਕਾਂ ਲਈ ਇੱਕ ਟਿਕਾਣਾ ਸੀ। ਇਸ ਗਰਮੀਆਂ ਦੇ ਕੁਝ ਹਫ਼ਤਿਆਂ ਲਈ ਬਹੁਤ ਸਾਰੀਆਂ ਸਥਾਨਕ ਥਾਵਾਂ ਗੱਲਾਂ-ਬਾਤਾਂ, ਸੈਰਾਂ, ਸਕ੍ਰੀਨਿੰਗਾਂ, ਵਰਕਸ਼ਾਪਾਂ ਅਤੇ ਚਾਰ-ਦਿਵਾਰੀ ਬਾਹਰਲੇ ਸਮਾਗਮਾਂ ਦੇ ਪ੍ਰੋਗਰਾਮ ਨਾਲ ਫਿਲਮ ਲਈ ਆਪਣੇ ਦਰਵਾਜ਼ੇ ਖੋਲ੍ਹਣਗੀਆਂ। ਹੇਠਾਂ ਦਿੱਤੇ ਪ੍ਰੋਗਰਾਮ ਨੂੰ ਬ੍ਰਾਊਜ਼ ਕਰੋ ਅਤੇ ਆਪਣੇ ਸ਼ਹਿਰ ਨੂੰ ਇੱਕ ਵੱਖਰੇ ਰੂਪ ਵਿੱਚ ਦੇਖੋ।

ਸਾਡੇ ਛਾਪੇ ਹੋਏ ਫੈਸਟੀਵਲ (ਤਿਓਹਾਰ) ਪ੍ਰੋਗਰਾਮ ਦੀ ਪੀ.ਡੀ.ਐੱਫ. ਲਈ ਇੱਥੇ ਕਲਿੱਕ ਕਰੋ

ਪ੍ਰੋਗਰਾਮ:

ਡੌਂਟ ਈਟ ਮਾਈ ਬ੍ਰੇਨ/ਦਿਮਾਗ ਮਤ ਖਾਓ
16 ਜੁਲਾਈ 2022, 14:00-15:30, ਮੋਜ਼ਲੀ ਕਮਿਊਨਿਟੀ ਹੱਬ
ਮੁਫਤ ਦਾਖਲਾ, ਬੁਕਿੰਗ ਦੀ ਲੋੜ ਹੈ
ਦੱਖਣੀ ਏਸ਼ੀਆਈ ਭਾਈਚਾਰਿਆਂ ਵਿੱਚ ਮਾਨਸਿਕ ਸਿਹਤ ਅਤੇ ਤੰਦਰੁਸਤੀ ਦੇ ਵਿਸ਼ਿਆਂ ਬਾਰੇ ਜਾਣਨ ਲਈ ਲਘੂ ਫਿਲਮਾਂ ਅਤੇ ਚਰਚਾ ਦੀ ਇੱਕ ਲੜੀ।
ਇਸ ਸਮਾਗਮ ਨੂੰ ਬੁੱਕ ਕਰਨ ਲਈ ਇੱਥੇ ਕਲਿੱਕ ਕਰੋ

ਏ ਜੁਆਏਫੁੱਲ ਨੋਇਸ (ਇੱਕ ਅਨੰਦਮਈ ਸ਼ੋਰ)
16 ਜੁਲਾਈ 2022, 16:30-18:00, ਮੋਜ਼ਲੀ ਕਮਿਊਨਿਟੀ ਹੱਬ
ਮੁਫਤ ਦਾਖਲਾ, ਬੁਕਿੰਗ ਦੀ ਲੋੜ ਹੈ
ਕਲਾਕਾਰ ਫੈਜ਼ਲ ਹੁਸੈਨ ਸੰਗੀਤ, ਧਰਮ ਅਤੇ ਬਾਲਸਾਲ ਹੀਥ ਨੂੰ ਸੱਭਿਆਚਾਰਕ ਗਤੀਵਿਧੀਆਂ ਦੇ ਕੇਂਦਰ ਵੱਜੋਂ ਦਰਸਾਉਂਦੇ ਹਨ।
ਇਸ ਸਮਾਗਮ ਨੂੰ ਬੁੱਕ ਕਰਨ ਲਈ ਇੱਥੇ ਕਲਿੱਕ ਕਰੋ

ਓਸਮਾਨ ਯੂਸਫ਼ਜ਼ਾਦਾ ਨਾਲ ਗੱਲਬਾਤ
16 ਜੁਲਾਈ 2022, 19:00-20:30, ਮੋਜ਼ਲੀ ਕਮਿਊਨਿਟੀ ਹੱਬ
ਮੁਫਤ ਦਾਖਲਾ, ਬੁਕਿੰਗ ਦੀ ਲੋੜ ਹੈ
ਕਲਾਕਾਰ ਓਸਮਾਨ ਯੂਸਫ਼ਜ਼ਾਦਾ ਸਿਨੇਮਾ ਕਲਿੱਪਾਂ ਨੂੰ ਸਾਂਝਾ ਕਰਦੇ ਹਨ ਜੋ ਉਨ੍ਹਾਂ ਦੇ ਕਲਾਤਮਕ ਵਿਕਾਸ ਨੂੰ ਪ੍ਰੇਰਿਤ ਕਰਦੀਆਂ ਹਨ, ਜਿਸ ਵਿੱਚ ਕਲਾਸਿਕ ਬਾਲੀਵੁੱਡ, ਮਰਚੈਂਟ-ਆਈਵਰੀ ਅਤੇ ਐਡੀ ਮਰਫੀ ਸ਼ਾਮਲ ਹਨ।
ਇਸ ਸਮਾਗਮ ਨੂੰ ਬੁੱਕ ਕਰਨ ਲਈ ਇੱਥੇ ਕਲਿੱਕ ਕਰੋ

ਫਿਲਮ ਬਾਰੇ ਬਾਲਸਲ ਹੀਥ
17 ਜੁਲਾਈ 2022, 12:00-13:30, ਮੋਜ਼ਲੀ ਕਮਿਊਨਿਟੀ ਹੱਬ
ਮੁਫਤ ਦਾਖਲਾ, ਬੁਕਿੰਗ ਦੀ ਲੋੜ ਹੈ
ਅਮਰਜੀਤ ਸਿੱਧੂ ਇੰਪੀਰੀਅਲ ਸਿਨੇਮਾ (ਜਿਸ ਨੂੰ ਉਨ੍ਹਾਂ ਦੇ ਪਿਤਾ ਜਸਵੰਤ ਵੱਲੋਂ ਚਲਾਇਆ ਜਾਂ
ਦੀ ਫਿਲਮ ਏ ਟਚ ਆਫ ਈਸਟਰਨ ਪ੍ਰੋਮਿਸ ਦੀਆਂ ਆਪਣੀਆਂ ਯਾਦਾਂ ਬਾਰੇ ਗੱਲ ਕਰਦੇ ਹਨ ਜਿ
ਇੰਪੀਰੀਅਲ ਵਿੱਚ ਫਿਲਮਾਇਆ ਗਿਆ ਸੀ।
ਇਸ ਸਮਾਗਮ ਨੂੰ ਬੁੱਕ ਕਰਨ ਲਈ ਇੱਥੇ ਕਲਿੱਕ ਕਰੋ

OracleTranslation.co.uk
CERTIFIED
Oracle Translation
Ref: OT22547
Oracle Translation Ltd

ਬੌਬੀ

17 ਜੁਲਾਈ 2022, 14:30-17:30, ਮੋਜ਼ਲੀ ਕਮਿਊਨਿਟੀ ਹੱਬ

£4

ਇੱਕ ਅਮੀਰ ਵਪਾਰੀ ਦਾ ਪੁੱਤਰ (ਰਿਸ਼ੀ ਕਪੂਰ, ਨਿਰਦੇਸ਼ਕ ਦਾ ਪੁੱਤਰ) ਇੱਕ ਗਰੀਬ ਮਛੁਆਰੇ ਦੀ ਧੀ (ਡਿੰਪਲ ਕਪਾਡੀਆ, ਆਪਣੀ ਪਹਿਲੀ ਫਿਲਮ ਵਿੱਚ) ਨੂੰ ਮਿਲਦਾ ਹੈ - ਇਸ ਫਿਲਮ ਨੇ ਨੌਜਵਾਨਾਂ ’ਤੇ ਜੋਰ ਦਿੰਦਿਆਂ ਹਿੰਦੀ ਸਿਨੇਮਾ ਨੂੰ ਇੱਕ ਨਵੇਂ ਅਤੇ ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤਾ।

ਇਸ ਸਮਾਗਮ ਲਈ ਟਿਕਟਾਂ ਖਰੀਦਣ ਲਈ ਇੱਥੇ ਕਲਿੱਕ ਕਰੋ

ਮੂਵੀ ਮਹਿਲ

19 ਜੁਲਾਈ 2022, 18:30-20:00, ਬਰਮਿੰਘਮ ਮਿਊਜ਼ੀਅਮ ਅਤੇ ਆਰਟ ਗੈਲਰੀ

ਮੁਫਤ ਦਾਖਲਾ, ਬੁਕਿੰਗ ਦੀ ਲੋੜ ਹੈ

ਨਾ ਰਹਿਣ ਵਾਲੇ ਦੋ ਪਿਕਚਰ ਹਾਊਸਾਂ ਬਾਰੇ ਜਾਣਨ ਲਈ ਇੱਕ ਗੱਲਬਾਤ ਅਧਾਰਤ ਸਮਾਗਮ - ਵਾਲਫੋਰਡ ਰੋਡ 'ਤੇ ਵਾਲਡੋਰਫ ਅਤੇ ਬਾਲਸਾਲ ਹੀਥ ਵਿੱਚ ਇੰਪੀਰੀਅਲ। ਵਿਸ਼ੇਸ਼ ਮਹਿਮਾਨਾਂ ਰੰਧਾਵਾ ਪਰਿਵਾਰ ਅਤੇ ਅਮਰਜੀਤ ਸਿੱਧੂ ਨਾਲ।

ਇਸ ਸਮਾਗਮ ਨੂੰ ਬੁੱਕ ਕਰਨ ਲਈ ਇੱਥੇ ਕਲਿੱਕ ਕਰੋ

ਰੌਕਸ

22 ਜੁਲਾਈ 2022, 19:00-20:45, ਜੀ.ਏ.ਪੀ. (GAP)

£4

ਪੂਰਬੀ ਲੰਡਨ ਵਿੱਚ ਦੋਸਤਾਂ ਦੇ ਇੱਕ ਸਮੂਹ ਬਾਰੇ ਇੱਕ ਖੂਬਸੂਰਤ, ਦਿਲ ਨੂੰ ਛੂਹ ਲੈਣ ਵਾਲੀ ਫਿਲਮ, ਜਿਸ ਨੂੰ ਕਲਾਕਾਰਾਂ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ।

ਇਸ ਸਮਾਗਮ ਲਈ ਟਿਕਟਾਂ ਖਰੀਦਣ ਲਈ ਇੱਥੇ ਕਲਿੱਕ ਕਰੋ

ਬਾਲਸਲ ਹੀਥ ਬਾਲੀਵੁੱਡ ਬਾਜ਼ਾਰ

23 ਜੁਲਾਈ 2022, 12:00-15:00, ਸਾਹਲੀ ਹੱਬ

ਮੁਫਤ ਦਾਖਲਾ, ਕਿਸੇ ਬੁਕਿੰਗ ਦੀ ਲੋੜ ਨਹੀਂ

ਸਾਊਥ ਏਸ਼ੀਅਨ ਆਰਟਸ ਕਲੈਕਟਿਵ ਬੋਲੇ ਜਾਣ ਵਾਲੇ ਸ਼ਬਦ, ਨਾਲੋਂ-ਨਾਲ ਸੰਗੀਤ, ਕਲਾ ਅਤੇ ਸ਼ਿਲਪਕਾਰੀ ਅਤੇ ਇੱਕ ਬਾਲੀਵੁੱਡ ਨ੍ਰਿਤ ਵਰਕਸ਼ਾਪ ਦੇ ਨਾਲ ਆਪਣੇ ਇੱਕ ਪ੍ਰਤਿਸ਼ਠਿਤ ਬਾਜ਼ਾਰ ਦੀ ਮੇਜ਼ਬਾਨੀ ਕਰਦਾ ਹੈ।

ਕਿਸੇ ਬੁਕਿੰਗ ਦੀ ਲੋੜ ਨਹੀਂ - ਸਿਰਫ਼ ਉਸ ਦਿਨ ਉੱਥੇ ਹਾਜ਼ਰ ਹੋਵੋ

ਵੰਡਰਲੈਂਡ ਮੈਮੋਰੀ ਬਾਕਸ: ਸਾਊਥ ਏਸ਼ੀਅਨ ਸਿਨੇਮਾ

24 ਜੁਲਾਈ 2022, 11:00-15:30, ਬਰਮਿੰਘਮ ਮਿਊਜ਼ੀਅਮ ਅਤੇ ਆਰਟ ਗੈਲਰੀ

ਮੁਫਤ ਦਾਖਲਾ, ਕਿਸੇ ਬੁਕਿੰਗ ਦੀ ਲੋੜ ਨਹੀਂ

ਆਓ ਅਤੇ ਇਸ ਮੁਫ਼ਤ ਡਰਾਪ-ਇਨ ਸੈਸ਼ਨ ਵਿੱਚ 60 ਅਤੇ 70 ਦੇ ਦਹਾਕੇ ਵਿੱਚ ਚੱਲ ਰਹੀਆਂ ਫ਼ਿਲ ਕਹਾਣੀਆਂ ਅਤੇ ਤਸਵੀਰਾਂ ਸਾਂਝੀਆਂ ਕਰੋ। ਜੇ ਤੁਹਾਡੇ ਕੋਲ ਅਲਹੰਬਰਾ, ਲਕਸਰ, ਵਾਲਡੋਰਫ ਜਾਂ ਐ ਜਾਂ ਪ੍ਰੋਗਰਾਮ ਹਨ ਤਾਂ ਤੁਸੀਂ ਉਨ੍ਹਾਂ ਨੂੰ ਹਾਈ-ਰੈਜ਼ੋਲੂਸ਼ਨ ਡਿਜੀਟਲ ਕਾਪੀਆਂ ਵੱਜੋਂ ਸਕੈਨ ਕਰਵਾ ਸਕ

OracleTranslation.co.uk
CERTIFIED
Oracle Translation
Ref: OT22547
Oracle Translation Ltd

ਕਿਸੇ ਬੁਕਿੰਗ ਦੀ ਲੋੜ ਨਹੀਂ - ਸਿਰਫ਼ ਉਸ ਦਿਨ ਉੱਥੇ ਹਾਜ਼ਰ ਹੋਵੋ

ਇਨ ਮਾਈ ਬਲੱਡ ਇਟ ਰਨਜ਼

29 ਜੁਲਾਈ 2022, 19:00-20:30, ਜੀ.ਏ.ਪੀ. (GAP)

£4
ਇਹ ਸ਼ਕਤੀਸ਼ਾਲੀ ਨਿਰੀਖਣ ਦਸਤਾਵੇਜ਼ੀ ਡ੍ਰਜੁਆਨ ਹੁਸਨ, ਐਲਿਸ ਸਪ੍ਰਿੰਗਜ਼ ਵਿੱਚ ਰਹਿਣ ਵਾਲੇ ਇੱਕ ਐਰੰਟ ਐਬੋਓਰਿਜਨਲ (ਆਦਿਵਾਸੀ) ਲੜਕੇ ਬਾਰੇ ਦਿਖਾਉਂਦੀ ਹੈ, ਜੋ ਇਹ ਜਾਣਨ ਲਈ ਹੈ ਕਿ ਕਿਵੇਂ ਸਿੱਖਿਆ ਪ੍ਰਣਾਲੀਆਂ ਨੂੰ 'ਹੋਰ' ਸਮਝੇ ਜਾਂਦੇ ਲੋਕਾਂ ਨੂੰ ਬਾਹਰ ਕੱਢਣ ਅਤੇ ਸਜ਼ਾ ਦੇਣ ਲਈ ਤਿਆਰ ਕੀਤਾ ਜਾਂਦਾ ਹੈ।
ਇਸ ਸਮਾਗਮ ਲਈ ਟਿਕਟਾਂ ਖਰੀਦਣ ਲਈ ਇੱਥੇ ਕਲਿੱਕ ਕਰੋ

ਬਾਲਸਲ ਹੀਥ ਸਿਨੇਮਾ ਵਾਕ
31 ਜੁਲਾਈ 2022, 11:30-13:00, ਸਾਹਲੀ ਹੱਬ ਦੇ ਬਾਹਰ ਮਿਲੋ
ਮੁਫਤ ਦਾਖਲਾ, ਬੁਕਿੰਗ ਦੀ ਲੋੜ ਹੈ
ਇਸ ਐਤਵਾਰ ਸਵੇਰ ਦੀ ਸੈਰ ਤੁਹਾਨੂੰ ਰੀਆ ਨਦੀ ਤੋਂ ਸਟ੍ਰੈਟਫੋਰਡ ਰੋਡ ਤੱਕ ਲੈ ਜਾਵੇਗੀ, ਉਨ੍ਹਾਂ ਥਾਵਾਂ ਬਾਰੇ ਪਤਾ ਲਗਾਏਗੀ ਜਿੱਥੇ ਬਾਲਸਲ ਹੀਥ ਦੇ ਲੋਕ ਫਿਲਮਾਂ ਦੇ ਸੁੱਖ-ਸਾਧਨ ਲਈ ਰੋਜ਼ਮਰਾ ਦੇ ਕੰਮ ਦੀ ਥਕਾਨ ਤੋਂ ਬੱਚ ਕੇ ਆਉਂਦੇ ਹਨ।
ਇਸ ਸਮਾਗਮ ਨੂੰ ਬੁੱਕ ਕਰਨ ਲਈ ਇੱਥੇ ਕਲਿੱਕ ਕਰੋ

ਵਾਲਡੋਰਫ ਰੀਵਾਈਵਲ: ਅਮਰ ਅਕਬਰ ਐਂਥਨੀ
31 ਜੁਲਾਈ 2022, 14:00-17:30, ਸ਼੍ਰੀ ਰਾਮ ਮੰਦਰ
50 p
ਸਿਰਫ ਇੱਕ ਦਿਨ ਲਈ ਹਿੰਦੂ ਮੰਦਰ ਇੱਕ ਵਾਰ ਫਿਰ ਸਿਨੇਮਾ ਬਣ ਜਾਵੇਗਾ, ਕਿਉਂਕਿ ਰੰਧਾਵਾ ਪਰਿਵਾਰ 1977 ਦੀ ਕਲਾਸਿਕ ਅਮਰ ਅਕਬਰ ਐਂਥਨੀ ਨੂੰ ਪੇਸ਼ ਕਰਦਾ ਹੈ ਜੋ ਜਨਮ ’ਤੇ ਵੱਖ ਹੋਏ ਤਿੰਨ ਭਰਾਵਾਂ ਬਾਰੇ ਹੈ।
ਇਸ ਸਮਾਗਮ ਲਈ ਟਿਕਟਾਂ ਖਰੀਦਣ ਲਈ ਇੱਥੇ ਕਲਿੱਕ ਕਰੋ

ਕਲਰ ਬਾਕਸ: ਸਵਿਮਿੰਗ ਸ਼ਾਰਟਸ ਐਂਡ ਬਲੋਇੰਗ ਬੱਬਲਜ਼
31 ਜੁਲਾਈ 2022, 10:00-14:00, ਮੋਜ਼ਲੀ ਰੋਡ ਬਾਥਸ
ਮੁਫਤ ਦਾਖਲਾ, ਕਿਸੇ ਬੁਕਿੰਗ ਦੀ ਲੋੜ ਨਹੀਂ
ਮੋਜ਼ਲੀ ਰੋਡ ਬਾਥਸ ਹਰ ਉਮਰ ਦੇ ਬੱਚਿਆਂ ਲਈ ਪਾਣੀ ਨਾਲ ਸਬੰਧਤ ਵਿਸ਼ੇ ਵਾਲੀਆਂ ਫਿਲਮਾਂ ਅਤੇ ਗਤੀਵਿਧੀਆਂ ਦੇ ਇੱਕ ਦਿਨ ਦੀ ਮੇਜ਼ਬਾਨੀ ਕਰਦਾ ਹੈ।
ਕਿਸੇ ਬੁਕਿੰਗ ਦੀ ਲੋੜ ਨਹੀਂ - ਸਿਰਫ਼ ਉਸ ਦਿਨ ਉੱਥੇ ਹਾਜ਼ਰ ਹੋਵੋ

OracleTranslation.co.uk
CERTIFIED
Oracle Translation
Ref: OT22547
Oracle Translation Ltd